# ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ ਬਾਰੇ
# ਮੌਜੂਦਾ ਅਤੇ ਯੋਜਨਾਬੱਧ ਉਪਾਅ

## ਯੂਨੀਵਰਸਿਟੀ ਗ੍ਰਾਂਟਸ ਕਮੇਟੀ ਸਕੱਤਰੇਤ

ਯੂਨੀਵਰਸਿਟੀ ਗ੍ਰਾਂਟਸ ਕਮੇਟੀ (UGC) ਇੱਕ ਗੈਰ-ਵਿਧਾਨਕ ਸੰਸਥਾ ਹੈ ਜੋ ਹਾਂਗ-ਕਾਂਗ ਦੀ ਵਿਸ਼ੇਸ਼ ਪ੍ਰਸ਼ਾਸਨਿਕ ਖੇਤਰ ਸਰਕਾਰ ਨੂੰ ਹਾਂਗ-ਕਾਂਗ ਵਿੱਚ ਉੱਚ ਸਿੱਖਿਆ ਦੇ ਵਿੱਤ ਅਤੇ ਰਣਨੀਤਕ ਵਿਕਾਸ ਬਾਰੇ ਸਲਾਹ ਦਿੰਦੀ ਹੈ। ਇਸ ਭੂਮਿਕਾ ਵਿੱਚ, ਹਾਂਗ-ਕਾਂਗ ਨੂੰ ਇਸ ਖੇਤਰ ਦੇ ਸਿੱਖਿਆ ਕੇਂਦਰ ਵਜੋਂ ਸਥਾਪਤ ਕਰਨ ਅਤੇ ਹਾਂਗ ਕਾਂਗ ਦੀ ਆਰਥਿਕਤਾ ਅਤੇ ਸਮਾਜਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਉੱਚ ਪੱਧਰੀ ਲੋਕ ਵਿਕਸਤਿ ਕਰਨ ਦੇ ਉਦੇਸ਼ ਨਾਲ, UGC ਸਕੱਤਰੇਤ ਉੱਚ ਸਿੱਖਿਆ ਦੇ ਖੇਤਰ ਵਿੱਚ ਉੱਤਮਤਾ ਨੂੰ ਉਤਸ਼ਾਹਿਤ ਕਰਨ ਲਈ ਯੂਨੀਵਰਸਿਟੀ, ਪ੍ਰਸ਼ਾਸਨ ਅਤੇ ਭਾਈਚਾਰੇ ਦੇ ਨਾਲ ਮਿਲ ਕੇ ਕੰਮ ਕਰਦਾ ਹੈ। UGC ਸਕੱਤਰੇਤ ਜਨਤਾ ਦੇ ਸਾਰੇ ਮੈਂਬਰਾਂ ਦੁਆਰਾ ਜਾਣਕਾਰੀ ਤਕ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਣ ਲਈ ਬਹੁਤ ਮਹੱਤਵ ਦਿੰਦਾ ਹੈ, ਭਾਵੇਂ ਉਹਨਾਂ ਦਾ ਨਸਲੀ ਪਿਛੋਕੜ ਕੋਈ ਵੀ ਹੋਵੇ।

ਸੰਬੰਧਿਤ ਸੇਵਾਵਾਂ

- UGC, ਹਾਂਗ-ਕਾਂਗ ਦੀ ਵਿਸ਼ੇਸ਼ ਪ੍ਰਸ਼ਾਸਨਿਕ ਖੇਤਰ ਸਰਕਾਰ ਅਤੇ UGC ਤੋਂ ਫੰਡ ਪ੍ਰਾਪਤ ਕਰਨ ਵਾਲੀਆਂ ਯੂਨੀਵਰਸਿਟੀਆਂ ਨੂੰ ਹਾਂਗ-ਕਾਂਗ ਵਿੱਚ ਉੱਚ ਸਿੱਖਿਆ ਦੀ ਫੰਡਿੰਗ ਅਤੇ ਰਣਨੀਤਕ ਵਿਕਾਸ ਲਈ ਸਲਾਹਕਾਰੀ ਸੇਵਾਵਾਂ ਅਤੇ ਸਹਾਇਤਾ ਦਿੰਦੀ ਹੈ।

ਮੌਜੂਦਾ ਉਪਾਅ

- ਵਿਭਿੰਨ ਨਸਲਾਂ ਦੇ ਲੋਕਾਂ ਤੋਂ ਪੁੱਛਗਿੱਛ ਨੂੰ ਸੰਭਾਲਣ ਲਈ ਅਨੁਵਾਦ ਸੇਵਾ ਨੂੰ ਸ਼ਾਮਲ ਕੀਤਾ ਜਾਵੇਗਾ।
- ਸਰਵਿਸ ਕਾਂਉਂਟਰ 'ਤੇ ਕੰਮ ਕਰ ਰਹੇ ਸਟਾਫ ਨੂੰ ਭਾਸ਼ਾ ਸੇਵਾਵਾਂ ਬਾਰੇ ਨੀਤੀਆਂ ਅਤੇ ਨਾਲ ਹੀ ਲੋੜ ਵਾਲੇ ਮੁਲਾਕਤੀਆਂ ਵਾਸਤੇ ਉਪਲਬਧ ਭਾਸ਼ਾ ਸੇਵਾਵਾਂ ਦੀ ਸ਼ੁਰੂਆਤ ਕਰਨ ਲਈ ਨਿਰਧਾਰਤ ਕੀਤੀਆਂ ਕਾਰਜ-ਪ੍ਰਕਿਰਿਆਵਾਂ ਦੀ ਜਾਣਕਾਰੀ ਹੁੰਦੀ ਹੈ।

ਭਵਿੱਖ ਦੇ ਕੰਮ ਦਾ ਮੁਲਾਂਕਣ

- UGC ਸਕੱਤਰੇਤ, ਵਿਭਿੰਨ ਨਸਲਾਂ ਦੇ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਦੇ ਟੀਚੇ ਦੇ

ਨਾਲ, ਸਮੇਂ-ਸਮੇਂ 'ਤੇ ਸਾਡੀਆਂ ਸੇਵਾਵਾਂ ਦੀ ਸਮੀਖਿਆ ਜਾਰੀ ਰਹੇਗੀ।

- ਮੁਹੱਈਆ ਕਰਵਾਈਆਂ ਜਾਂਦੀਆਂ ਸੇਵਾਵਾਂ ਦੇ ਨਿਰੰਤਰ ਸੁਧਾਰ ਲਈ ਸਟਾਫ ਅਤੇ ਜਨਤਾ ਦੇ ਲੋਕਾਂ ਦੀ ਫੀਡਬੈਕ/ਸੁਝਾਵਾਂ 'ਤੇ ਵਿਚਾਰ ਕੀਤਾ ਜਾਂਦਾ ਰਹੇਗਾ।
- ਨਿਰੰਤਰ ਮੁਲਾਂਕਣ ਅਤੇ ਸੇਵਾ ਦੀ ਸਪੁਰਦਗੀ ਵਿਚ ਸੁਧਾਰ ਲਈ, ਵੱਖ ਵੱਖ ਨਸਲ ਦੇ ਲੋਕਾਂ ਦੁਆਰਾ ਸੇਵਾਵਾਂ ਦੀ ਵਰਤੋਂ 'ਤੇ ਡੇਟਾ ਅਤੇ ਜਾਣਕਾਰੀ ਨੂੰ ਨਿਰੰਤਰ ਇਕੱਠਾ ਅਤੇ ਸੰਦਰਭਾਂ ਲਈ ਪਾੱਲਿਸੀ ਬਿਊਰੋ ਨੂੰ ਪ੍ਰਦਾਨ ਕੀਤਾ ਜਾਂਦਾ ਰਹੇਗਾ।

ਕੀਤੇ ਗਏ/ਕੀਤੇ ਜਾਣ ਵਾਲੇ ਵਾਧੂ ਉਪਾਅ

- UGC ਸਕੱਤਰੇਤ ਦੁਆਰਾ ਰਿਸੈਪਸ਼ਨ ਕਾਉਂਟਰ 'ਤੇ ਕੰਮ ਕਰ ਰਹੇ ਸਟਾਫ ਦੀ ਨਸਲੀ ਬਰਾਬਰੀ ਬਾਰੇ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਵਧਾਉਣ ਲਈ ਸਿਖਲਾਈ ਦਾ ਪ੍ਰਬੰਧ ਕੀਤਾ ਗਿਆ ਹੈ ਅਤੇ ਅਜਿਹਾ ਕਰਦੇ ਰਹਿਣਗੇ।

ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ ਬਾਰੇ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਬਾਰੇ ਪੁੱਛ-ਗਿਛ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਚੈਨਲਾਂ ਰਾਹੀਂ Mr. Edmund Chiu, Senior Executive Officer (Administration) ਨਾਲ ਸੰਪਰਕ ਕਰੋ -

| | | |
|---|---|---|
| ਟੈਲੀਫੋਨ ਨੰਬਰ | : | (852) 3959 0445 |
| ਫ਼ੈਕਸ ਨੰਬਰ | : | (852) 2845 1596 |
| ਈਮੇਲ | : | echiu@ugc.edu.hk |
| ਡਾਕ ਪਤਾ | : | 7/F., Shui On Centre,<br>6-8 Harbour Road, Wanchai,<br>Hong Kong SAR |

**ਯੂਨੀਵਰਸਿਟੀ ਗ੍ਰਾਂਟਸ ਕਮੇਟੀ ਸਕੱਤਰੇਤ**
**ਮਈ 2025**